Tender Heart High School, Class-IV (Punjabi)

Chapter - 15 Gurpreet Kaur

ਪਿਆਰੇ ਵਿਦਿਆਰਥੀਓ,


ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ। ਮੈਂ ਗੁਰਪ੍ਰੀਤ ਕੌਰ, ਅੱਜ ਤੁਹਾਨੂੰ ਚੌਥੀ ਜਮਾਤ ਦੇ ਪੰਜਾਬੀ ਵਿਸ਼ੇ ਨਾਲ ਸੰਬੰਧਿਤ ਪਾਠ- 15 'ਬਿੰਦੀ' ਲਗਾਖਰ ਬਾਰੇ ਜਾਣਕਾਰੀ ਦੇਣ ਜਾ ਰਹੀ ਹਾਂ, ਜੋ ਕਿ ਤੁਹਾਡੀ 'ਸੁੱਚੇ ਮੋਤੀ' ਦੇ ਪੰਨਾ ਨੰਬਰ- 48 ਤੇ ਦਰਜ ਹੈ। ਜੇ, ਸਾਰੇ ਵਿਦਿਆਰਥੀ ਤਿਆਰ ਹਨ, ਤਾਂ ਆਓ ਪੜ੍ਹਨਾ ਸ਼ੁਰੂ ਕਰੀਏ।

ਪੰਜਾਬੀ ਭਾਸ਼ਾ ਵਿੱਚ ਤਿੰਨ ਲਗਾਖਰ ਹੁੰਦੇ ਹਨ- ਬਿੰਦੀ, ਟਿੱਪੀ ਅਤੇ ਅੱਧਕ। ਅੱਜ ਅਸੀਂ ਬਿੰਦੀ ਲਗਾਖਰ ਬਾਰੇ ਪੜ੍ਹਾਂਗੇ।

## ਲਗਾਖਰ

(1)

### 15 ਬਿੰਦੀ ( ਂ )



ਗ+ਾ+ਂ = ਗਾਂ




ਗੇ + ਂ+ਦ = ਗੇਂਦ



ਕ+ਾ+ਂ = ਕਾਂ



ਕੈ+ਂ+ਚੀ = ਕੈਂਚੀ



ਤ+ਾ+ਂ+ਗਾ = ਤਾਂਗਾ



ਪੀ+ਂ+ਘ = ਪੀਂਘ


Chapter - 15, Class - IV (Punjabi)

## ਪੜ੍ਹੋ, ਬੋਲੋ ਤੇ ਲਿਖੋ- ②

| | | | | | |
|---|---|---|---|---|---|
| ਮੈਂ | ਮਾਂ | ਛਾਂ | ਕਾਂ | ਤਾਂਘ | ਨੀਂਦ |
| ਜੀਂਦ | ਸਾਈਂ | ਮੀਂਹ | ਗਾਂਧੀ | ਟੈਂਕ | ਕਦੋਂ |
| ਗੁਆਂਢੀ | ਪਰਸੋਂ | ਬਾਂਦਰ | ਬੈਂਗਣ | ਆਂਦਰ | ਔਂਕੜ |
| ਹਸਾਉਂਦਾ | ਖਿਡਾਉਂਦਾ | ਬੁਲਾਉਂਦਾ | ਤਸਵੀਰਾਂ | ਮਹਾਂਵੀਰ | ਸੁਣਾਉਂਦਾ |

## ਮਦਾਰੀ ਆਇਆ

ਮਦਾਰੀ ਆਇਆ, ਮਦਾਰੀ ਆਇਆ।
ਬਾਂਦਰ, ਬਾਂਦਰੀ ਨਾਲ ਲਿਆਇਆ।
ਸਭ ਨੂੰ ਉਹ ਨੇ ਤਮਾਸ਼ਾ ਬਣਾਇਆ।
ਬਾਂਦਰ, ਬਾਂਦਰੀ ਦਾ ਵਿਆਹ ਕਰਾਇਆ।
ਬਾਂਦਰ ਲਾੜਾ ਬਣ ਕੇ ਆਇਆ।
ਉਸ ਨੇ ਸੁੰਦਰ ਸੂਟ ਸੀ ਪਾਇਆ।
ਬਾਂਦਰੀ ਵਹੁਟੀ ਬਣ ਕੇ ਆਈ,
ਸੋਹਣੀ-ਸੋਹਣੀ ਚੋਲੀ ਪਾਈ।
ਬਾਲਾਂ ਦਾ ਉਸ ਜੀਅ ਪਰਚਾਇਆ।
ਮਦਾਰੀ ਆਇਆ, ਮਦਾਰੀ ਆਇਆ।



Spiral